# ਵਿਕਟੋਰੀਆ ਦੇ ਨਵੇਂ ਬਾਲ ਸੁਰੱਖਿਆ ਮਿਆਰ

**What's new? Overview of the new Child Safe Standards**

**Punjabi**

# ਨਵਾਂ ਕੀ ਹੈ?

## ਨਵੇਂ ਬਾਲ ਸੁਰੱਖਿਆ ਮਿਆਰਾਂ ਦੀ ਝਲਕ

ਬਾਲ ਸੁਰੱਖਿਆ ਮਿਆਰ (ਮਿਆਰ) ਜਨਵਰੀ 2016 ਵਿੱਚ ਵਿਕਟੋਰੀਆ ਵਿੱਚ ਸ਼ੁਰੂ ਹੋਏ ਸਨ। ਪੰਜ ਸਾਲਾਂ ਬਾਅਦ, ਅਸੀਂ ਵੇਖਿਆ ਹੈ ਕਿ ਮਿਆਰ ਕਿਵੇਂ ਬੱਚਿਆਂ ਅਤੇ ਨੌਜਵਾਨਾਂ ਲਈ ਸੁਰੱਖਿਆ ਵਿੱਚ ਸੁਧਾਰ ਕਰਦੇ ਹਨ।

ਸਾਡੇ ਮਿਆਰਾਂ ਨੂੰ ਹੋਰ ਵੀ ਮਜ਼ਬੂਤ ਬਣਾਉਣ ਲਈ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।

ਮਿਆਰਾਂ ਦੇ ਅਧੀਨ ਆਉਂਦੀਆਂ ਸੰਸਥਾਵਾਂ[1] ਨੂੰ **1 ਜੁਲਾਈ 2022** ਤੱਕ ਨਵੇਂ ਮਿਆਰਾਂ ਦੀ ਪਾਲਣਾ ਕਰਨ ਦੀ ਲੋੜ ਪਵੇਗੀ। ਉਦੋਂ ਤੱਕ, ਵਰਤਮਾਨ ਮਿਆਰ ਲਾਗੂ ਹੁੰਦੇ ਹਨ।

ਨਵੇਂ ਮਿਆਰ ਘੱਟੋ ਘੱਟ ਲੋੜਾਂ ਨਿਰਧਾਰਤ ਕਰਦੇ ਹਨ, ਅਤੇ ਉਹਨਾਂ ਕਾਰਵਾਈਆਂ ਦੀ ਰੂਪ ਰੇਖਾ ਤਿਆਰ ਕਰਦੇ ਹਨ, ਜੋ ਸੰਸਥਾਵਾਂ ਦੁਆਰਾ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਸੰਸਥਾਵਾਂ ਲਈ ਵਧੇਰੇ ਸਪੱਸ਼ਟਤਾ ਪ੍ਰਦਾਨ ਕਰਦੇ ਹਨ ਅਤੇ ਬਾਕੀ ਆਸਟ੍ਰੇਲੀਆ ਵਿੱਚ ਮਿਆਰਾਂ ਦੇ ਵਧੇਰੇ ਅਨੁਕੂਲ ਹਨ।

ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਸੰਸਥਾਵਾਂ ਪਹਿਲਾਂ ਹੀ ਜੋ ਚੀਜ਼ਾਂ ਕਰਦੀਆਂ ਹਨ, ਉਹ ਉਨ੍ਹਾਂ ਨੂੰ ਨਵੇਂ ਮਿਆਰਾਂ ਦੇ ਅਨੁਕੂਲ ਹੋਣ ਵਿੱਚ ਮਦਦ ਕਰਨਗੀਆਂ। ਕੁਝ ਖੇਤਰਾਂ ਵਿੱਚ, ਸੰਸਥਾਵਾਂ ਨੂੰ ਨਵੇਂ ਮਿਆਰਾਂ ਨੂੰ ਪੂਰਾ ਕਰਨ ਲਈ ਆਪਣੀ ਵਰਤਮਾਨ ਬਾਲ ਸੁਰੱਖਿਆ ਨੀਤੀ, ਪ੍ਰਥਾਵਾਂ ਅਤੇ ਸੰਗਠਨਾਤਮਕ ਸਭਿਆਚਾਰ ਨੂੰ ਬਦਲਣ ਜਾਂ ਵਿਕਸਤ ਕਰਨ ਦੀ ਲੋੜ ਪਵੇਗੀ।

ਇਹ ਗਾਈਡ ਸੰਸਥਾਵਾਂ ਲਈ ਮਦਦਗਾਰ ਹੋਵੇਗੀ ਜਦਕਿ ਉਹ ਨਵੇਂ ਮਿਆਰਾਂ ਨੂੰ ਜਾਨਣ ਲੱਗਣਗੀਆਂ ਅਤੇ ਨਵੇਂ ਮਿਆਰਾਂ ਦੀ ਪਾਲਣਾ ਕਰਨ ਲਈ ਉਹ ਲੋੜੀਂਦੀਆਂ ਨਵੀਆਂ ਕਾਰਵਾਈਆਂ ਦੀ ਪਛਾਣ ਕਰਨ ਲਈ ਆਪਣੀਆਂ ਬਾਲ ਸੁਰੱਖਿਆ ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰਥਾਵਾਂ ਦੀ ਸਮੀਖਿਆ ਕਰਨਾ ਸ਼ੁਰੂ ਕਰਨਗੀਆਂ। ਗਾਈਡ *ਕੀ ਬਦਲ ਰਿਹਾ ਹੈ? ਵਰਤਮਾਨ ਅਤੇ ਨਵੇਂ ਬਾਲ ਸੁਰੱਖਿਆ ਮਿਆਰਾਂ ਦੀ ਤੁਲਨਾ ਕਰੋ* ਅਤੇ ਕਮਿਸ਼ਨ ਦੇ *ਅਕਸਰ ਪੁੱਛੇ ਜਾਣ ਵਾਲੇ ਸਵਾਲ* ਵੀ ਮਦਦਗਾਰ ਹੋ ਸਕਦੇ ਹਨ।

[1] 'ਸਬੰਧਿਤ ਇਕਾਈਆਂ' ਦੇ ਸਾਰੇ ਹਵਾਲਿਆਂ ਨੂੰ ਇਸ ਦਸਤਾਵੇਜ਼ ਵਿੱਚ ਪਹੁੰਚ ਯੋਗਤਾ ਦੇ ਕਾਰਨਾਂ ਕਰਕੇ 'ਸੰਸਥਾ/ਵਾਂ' ਨਾਲ ਬਦਲ ਦਿੱਤਾ ਗਿਆ ਹੈ। ਸਬੰਧਿਤ ਇਕਾਈ ਨੂੰ *ਬਾਲ ਭਲਾਈ ਅਤੇ ਸੁਰੱਖਿਆ ਕਾਨੂੰਨ 2005* ਦੀ ਧਾਰਾ 3(1) ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਉਹ ਇਕਾਈਆਂ ਸ਼ਾਮਲ ਹਨ ਜੋ ਬਾਲ ਸੁਰੱਖਿਆ ਮਿਆਰਾਂ ਦੇ ਅਧੀਨ ਹਨ।

COMMISSION FOR CHILDREN AND YOUNG PEOPLE

ਸੰਸਥਾਵਾਂ ਦੀ ਮਦਦ ਕਰਨ ਲਈ ਆਉਣ ਵਾਲੇ ਮਹੀਨਿਆਂ ਦੌਰਾਨ ਹੋਰ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਵੇਗਾ, ਅਤੇ ਜਦੋਂ ਕਮਿਸ਼ਨ ਦੁਆਰਾ ਨਵੀਂ ਜਾਣਕਾਰੀ ਅਤੇ ਮਾਰਗਦਰਸ਼ਨ ਜਾਰੀ ਕੀਤਾ ਜਾਂਦਾ ਹੈ, ਤਾਂ ਤੁਸੀਂ ਈਮੇਲਾਂ ਪ੍ਰਾਪਤ ਕਰਨ ਲਈ ਇੱਥੇ ਨਾਮ ਦਰਜ਼ ਕਰ ਸਕਦੇ ਹੋ।

ਹੇਠਾਂ ਦਿੱਤੀ ਸਾਰਣੀ ਨਵੇਂ ਮਿਆਰਾਂ ਵਿੱਚ ਨਵੀਆਂ ਲੋੜਾਂ ਦਾ ਸਾਰ ਪ੍ਰਦਾਨ ਕਰਦੀ ਹੈ।

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 1 - ਸੰਸਥਾਵਾਂ ਸਭਿਆਚਾਰਕ ਤੌਰ ਤੇ ਸੁਰੱਖਿਆ ਵਾਤਾਵਰਣ ਸਥਾਪਤ ਕਰਦੀਆਂ ਹਨ, ਜਿਸ ਵਿੱਚ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਦੀਆਂ ਵਿਭਿੰਨ ਅਤੇ ਵਿਲੱਖਣ ਪਛਾਣਾਂ ਅਤੇ ਤਜ਼ਰਬਿਆਂ ਦਾ ਆਦਰ ਕੀਤਾ ਜਾਂਦਾ ਹੈ ਅਤੇ ਇਹਨਾਂ ਦੀ ਕਦਰ ਕੀਤੀ ਜਾਂਦੀ ਹੈ**<br>ਬਾਲ ਸੁਰੱਖਿਆ ਮਿਆਰ 1 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>1.1 ਬੱਚੇ ਦੀ ਆਪਣੇ ਸਭਿਆਚਾਰ ਨੂੰ ਪ੍ਰਗਟ ਕਰਨ ਅਤੇ ਆਪਣੇ ਸਭਿਆਚਾਰਕ ਅਧਿਕਾਰਾਂ ਦਾ ਅਨੰਦ ਲੈਣ ਦੀ ਯੋਗਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਅਤੇ ਸਰਗਰਮੀ ਨਾਲ ਸਹਾਇਤਾ ਕੀਤੀ ਜਾਂਦੀ ਹੈ।<br>1.2 ਰਣਨੀਤੀਆਂ ਸੰਸਥਾ ਦੇ ਅੰਦਰ ਸ਼ਾਮਲ ਹਨ, ਜੋ ਸਾਰੇ ਮੈਂਬਰਾਂ ਨੂੰ ਆਦਿਵਾਸੀ ਸਭਿਆਚਾਰ ਦੀਆਂ ਤਾਕਤਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਦੀ ਕਦਰ ਕਰਨ ਅਤੇ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਦੀ ਭਲਾਈ ਅਤੇ ਸੁਰੱਖਿਆ ਲਈ ਇਸ ਦੀ ਮਹੱਤਤਾ ਨੂੰ ਸਮਝਣ ਲਈ ਤਿਆਰ ਕਰਦੀਆਂ ਹਨ।<br>1.3 ਸੰਸਥਾ ਦੁਆਰਾ ਇਹ ਯਕੀਨੀ ਬਣਾਉਣ ਲਈ ਉਪਾਅ ਕੀਤੇ ਜਾਂਦੇ ਹਨ ਕਿ ਸੰਸਥਾ ਦੇ ਅੰਦਰ ਨਸਲਵਾਦ ਦੀ ਪਛਾਣ ਕੀਤੀ ਜਾਵੇ, ਉਨ੍ਹਾਂ ਦਾ ਸਾਹਮਣਾ ਕੀਤਾ ਜਾਵੇ ਅਤੇ ਇਸ ਨੂੰ ਬਰਦਾਸ਼ਤ ਨਾ ਕੀਤਾ ਜਾਵੇ। ਨਸਲਵਾਦ ਦੀਆਂ ਕਿਸੇ ਵੀ ਘਟਨਾਵਾਂ ਨੂੰ ਉਚਿਤ ਨਤੀਜਿਆਂ ਨਾਲ ਹੱਲ ਕੀਤਾ ਜਾਂਦਾ ਹੈ।<br>1.4 ਸੰਸਥਾ ਆਦਿਵਾਸੀ ਬੱਚਿਆਂ, ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੁਆਰਾ ਇਸ ਦੇ ਅੰਦਰ ਹਿੱਸੇਦਾਰੀ ਅਤੇ ਸ਼ਮੂਲੀਅਤ ਦਾ ਸਰਗਰਮੀ ਨਾਲ ਸਮਰਥਨ ਕਰਦੀ ਹੈ ਅਤੇ ਇਸ ਨੂੰ ਸੁਵਿਧਾਜਨਕ ਬਣਾਉਂਦੀ ਹੈ।<br>1.5 ਸੰਸਥਾ ਦੀਆਂ ਸਾਰੀਆਂ ਨੀਤੀਆਂ, ਪ੍ਰਕਿਰਿਆਵਾਂ, ਪ੍ਰਣਾਲੀਆਂ ਅਤੇ ਕਾਰਵਾਈਆਂ ਮਿਲ ਕੇ ਸਭਿਆਚਾਰਕ ਤੌਰ ਤੇ ਸੁਰੱਖਿਆ ਅਤੇ ਸ਼ਮੂਲੀਅਤ ਵਾਲਾ ਵਾਤਾਵਰਣ ਬਣਾਉਂਦੀਆਂ ਹਨ ਅਤੇ ਆਦਿਵਾਸੀ ਬੱਚਿਆਂ, ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ। | ਨਵੇਂ ਬਾਲ ਸੁਰੱਖਿਆ ਮਿਆਰ 1 ਲਈ ਸੰਸਥਾਵਾਂ ਨੂੰ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਲਈ ਸਭਿਆਚਾਰਕ ਤੌਰ ਤੇ ਸੁਰੱਖਿਅਤ ਵਾਤਾਵਰਣ ਬਨਾਉਣ ਲਈ ਨਵੇਂ ਕਦਮ ਚੁੱਕਣ ਦੀ ਲੋੜ ਹੁੰਦੀ ਹੈ। ਸੰਸਥਾਵਾਂ ਨੂੰ ਲਾਜ਼ਮੀ ਤੌਰ ਤੇ ਇਸ ਲੋੜ ਨੂੰ ਪੂਰਾ ਕਰਨਾ ਚਾਹੀਦਾ ਹੈ ਚਾਹੇ ਉਹਨਾਂ ਨੂੰ ਪਤਾ ਹੋਵੇ ਜਾਂ ਨਾ ਪਤਾ ਹੋਵੇ ਕਿ ਇਸ ਸਮੇਂ ਆਦਿਵਾਸੀ ਬੱਚੇ ਅਤੇ ਨੌਜਵਾਨ ਆਪਣੀਆਂ ਸੇਵਾਵਾਂ ਜਾਂ ਸੁਵਿਧਾਵਾਂ ਦੀ ਵਰਤੋਂ ਕਰ ਰਹੇ ਹਨ।<br>ਇਸ ਨਵੇਂ ਬਾਲ ਸੁਰੱਖਿਆ ਮਿਆਰ 1 ਦਾ ਮਤਲਬ ਹੈ ਕਿ ਜ਼ਿਆਦਾਤਰ ਸੰਸਥਾਵਾਂ ਨੂੰ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਇਕ ਸੁਰੱਖਿਅਤ ਵਾਤਾਵਰਣ ਬਨਾਉਣ ਲਈ ਆਪਣੀ ਵਰਤਮਾਨ ਪਹੁੰਚ ਵਿੱਚ ਸੁਧਾਰ ਕਰਨ ਦੀ ਲੋੜ ਪਵੇਗੀ। ਇਸ ਮਿਆਰ ਨੂੰ ਲਾਗੂ ਕਰਨ ਲਈ ਨਿਰੰਤਰ ਕੋਸ਼ਿਸ਼ ਦੀ ਲੋੜ ਪਵੇਗੀ, ਨਾ ਕਿ ਸਿਰਫ ਇਕ ਵਾਰ ਦੀ ਤਬਦੀਲੀ ਦੀ।<br>ਇਹ ਮਿਆਰ ਨਵੇਂ ਮਿਆਰ 5 ਨਾਲ ਸਬੰਧਿਤ ਹੈ, ਜਿਸ ਵਿੱਚ ਇਹ ਲੋੜ ਹੈ ਕਿ ਬਰਾਬਰੀ ਨੂੰ ਬਰਕਰਾਰ ਰੱਖਿਆ ਜਾਵੇ ਅਤੇ ਸੰਸਥਾਵਾਂ ਵਿੱਚ ਵਿਭਿੰਨ ਲੋੜਾਂ ਦਾ ਆਦਰ ਕੀਤਾ ਜਾਵੇ। | ਕਮਿਸ਼ਨ ਨਵੇਂ ਬਾਲ ਸੁਰੱਖਿਆ ਮਿਆਰ 1 ਦੀ ਪਾਲਣਾ ਕਰਨ ਲਈ ਸੰਸਥਾਵਾਂ ਦੀ ਸਹਾਇਤਾ ਕਰਨ ਲਈ ਨਵੇਂ ਸਮਰਪਿਤ ਸਰੋਤ ਵਿਕਸਤ ਕਰ ਰਿਹਾ ਹੈ।<br>ਨੈਸ਼ਨਲ ਆਦਿਵਾਸੀ ਅਤੇ ਆਈਲੈਂਡਰ ਚਾਈਲਡ ਕੇਅਰ (SNAICC) ਦੇ ਸਕੱਤਰੇਤ ਨੇ ਬਾਲ ਸੁਰੱਖਿਅਤ ਵਾਤਾਵਰਣ ਬਨਾਉਣ ਲਈ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ, ਨੌਜਵਾਨਾਂ ਅਤੇ ਭਾਈਚਾਰਿਆਂ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ ਦੀ ਸਹਾਇਤਾ ਕਰਨ ਲਈ ਸਰੋਤ ਵਿਕਸਤ ਕੀਤੇ ਹਨ।<br>ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਵਿੱਚ 'ਵਿਭਿੰਨਤਾ ਅਤੇ ਸਭਿਆਚਾਰਕ ਅੰਤਰ ਦੇ ਸਬੰਧ ਵਿੱਚ ਬਾਲ ਸੁਰੱਖਿਆ' ਸੈਕਸ਼ਨ ਵਿੱਚ ਵੀ ਕੁਝ ਸਬੰਧਿਤ ਸੇਧ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 2 - ਬਾਲ ਸੁਰੱਖਿਆ ਅਤੇ ਭਲਾਈ ਸੰਗਠਨਾਤਮਕ ਅਗਵਾਈ, ਸ਼ਾਸਨ ਅਤੇ ਸਭਿਆਚਾਰ ਵਿੱਚ ਸ਼ਾਮਲ ਹੈ**<br>ਬਾਲ ਸੁਰੱਖਿਆ ਮਿਆਰ 2 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>2.1 ਸੰਸਥਾ ਬਾਲ ਸੁਰੱਖਿਆ ਪ੍ਰਤੀ ਜਨਤਕ ਵਚਨਬੱਧਤਾ ਪ੍ਰਗਟ ਕਰਦੀ ਹੈ।<br>2.2 ਬਾਲ ਸੁਰੱਖਿਆ ਸਭਿਆਚਾਰ ਦਾ ਉੱਪਰ ਤੋਂ ਹੇਠਾਂ ਅਤੇ ਹੇਠਾਂ ਤੋਂ ਉਪਰ ਨੂੰ ਸੰਸਥਾ ਦੇ ਸਾਰੇ ਪੱਧਰਾਂ ਉੱਤੇ ਸਮਰਥਨ ਕੀਤਾ ਜਾਂਦਾ ਹੈ ਅਤੇ ਇਸਦੀ ਮਿਸਾਲ ਕਾਇਮ ਕੀਤੀ ਜਾਂਦੀ ਹੈ।<br>2.3 ਸ਼ਾਸਨ ਪ੍ਰਬੰਧ ਬਾਲ ਸੁਰੱਖਿਆ ਅਤੇ ਭਲਾਈ ਨੀਤੀ ਨੂੰ ਹਰ ਪੱਧਰ ਉੱਤੇ ਲਾਗੂ ਕਰਨ ਦੀ ਸਹੂਲਤ ਪ੍ਰਦਾਨ ਕਰਦੇ ਹਨ।<br>2.4 ਰਸਮੀ ਵਿਹਾਰਕ ਸੇਧ (ਕੋਡ ਆਫ ਕੰਡਕਟ) ਕਰਮਚਾਰੀਆਂ ਅਤੇ ਸਵੈ-ਸੇਵਕਾਂ ਤੋਂ ਉਮੀਦ ਕੀਤੇ ਵਿਵਹਾਰਕ ਮਿਆਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੀ ਹੈ।<br>2.5 ਖਤਰਾ ਪ੍ਰਬੰਧ ਰਣਨੀਤੀਆਂ ਬੱਚਿਆਂ ਅਤੇ ਨੌਜਵਾਨਾਂ ਲਈ ਖਤਰਿਆਂ ਨੂੰ ਰੋਕਣ, ਪਛਾਣਨ ਅਤੇ ਘਟਾਉਣ ਉੱਤੇ ਕੇਂਦਰਿਤ ਹਨ।<br>2.6 ਕਰਮਚਾਰੀ ਅਤੇ ਸਵੈ-ਸੇਵਕ ਜਾਣਕਾਰੀ ਸਾਂਝੀ ਕਰਨ ਅਤੇ ਰਿਕਾਰਡ ਰੱਖਣ ਬਾਰੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ। | ਨਵੇਂ ਬਾਲ ਸੁਰੱਖਿਆ ਮਿਆਰ 2 ਦੇ ਬਹੁਤ ਸਾਰੇ ਪਹਿਲੂ ਉਸ ਚੀਜ਼ ਦੇ ਹਿਸਾਬ ਨਾਲ ਹਨ ਜੋ ਸੰਸਥਾਵਾਂ ਨੂੰ ਇਸ ਸਮੇਂ ਮੌਜੂਦਾ ਮਿਆਰ 1, 2 ਅਤੇ 3 ਦੇ ਅਧੀਨ ਕਰਨ ਦੀ ਲੋੜ ਹੈ।<br>ਨਵੇਂ ਬਾਲ ਸੁਰੱਖਿਆ ਮਿਆਰ 2 ਵਿੱਚ ਕਿਸੇ ਸੰਸਥਾ ਵਿੱਚ ਹਰ ਪੱਧਰ ਤੇ ਬਾਲ ਸੁਰੱਖਿਅਤ ਸਭਿਆਚਾਰ ਬਨਾਉਣ ਲਈ ਜਾਣਕਾਰੀ ਸਾਂਝੀ ਕਰਨ, ਰਿਕਾਰਡ ਰੱਖਣ ਅਤੇ ਸ਼ਾਸਨ ਪ੍ਰਬੰਧਾਂ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਬੱਚਿਆਂ ਨੂੰ ਹੋਣ ਵਾਲੇ ਖਤਰਿਆਂ ਦੇ ਪ੍ਰਬੰਧਨ ਨੂੰ ਸੰਗਠਨਾਤਮਕ ਅਗਵਾਈ, ਸ਼ਾਸਨ ਅਤੇ ਸਭਿਆਚਾਰ ਵਿੱਚ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। | ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਵਿੱਚ ਮੌਜੂਦਾ ਮਿਆਰਾਂ 1, 2 ਅਤੇ 3 ਦੇ ਸੈਕਸ਼ਨਾਂ ਵਿੱਚ ਕੁਝ ਢੁੱਕਵੀਂ ਸੇਧ ਹੈ।<br>ਨਿਊ ਸਾਊਥ ਵੇਲਜ਼ ਦੇ ਬੱਚਿਆਂ ਦੇ ਸਰਪ੍ਰਸਤ ਦੇ ਦਫਤਰ ਦੀਆਂ ਆਦਰਸ਼ ਸੇਧਾਂ: ਬਾਲ ਸੁਰੱਖਿਆ ਆਦਰਸ਼ ਸੇਧਾਂ ਨੂੰ ਵਿਕਸਤ ਕਰਨ ਲਈ ਇਕ ਗਾਈਡ, ਇਕ ਬਾਲ ਸੁਰੱਖਿਅਤ ਆਦਰਸ਼ ਸੇਧ ਵਿਕਸਤ ਕਰਨ ਬਾਰੇ ਵਿਆਪਕ ਸਲਾਹ ਪ੍ਰਦਾਨ ਕਰਦੀ ਹੈ।<br>ਨੈਸ਼ਨਲ ਸਿਧਾਂਤ 1 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 3 - ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਸ਼ਕਤੀਸ਼ਾਲੀ ਬਣਾਇਆ ਜਾਂਦਾ ਹੈ, ਉਹ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ**<br>ਬਾਲ ਸੁਰੱਖਿਆ ਮਿਆਰ 3 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>3.1 ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਦੇ ਸਾਰੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਜਿਸ ਵਿੱਚ ਸੁਰੱਖਿਆ, ਜਾਣਕਾਰੀ ਅਤੇ ਹਿੱਸੇਦਾਰੀ ਵੀ ਸ਼ਾਮਲ ਹੈ।<br>3.2 ਦੋਸਤੀ ਦੀ ਮਹੱਤਤਾ ਨੂੰ ਮਾਨਤਾ ਦਿੱਤੀ ਜਾਂਦੀ ਹੈ ਅਤੇ ਸਾਥੀਆਂ ਦੀ ਸਹਾਇਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਜੋ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਘੱਟ ਅਲੱਗ-ਥਲੱਗ ਮਹਿਸੂਸ ਕਰਨ ਵਿੱਚ ਮਦਦ ਕੀਤੀ ਜਾ ਸਕੇ।<br>3.3 ਜਿੱਥੇ ਹਾਲਾਤ ਜਾਂ ਸੰਦਰਭ ਨਾਲ ਸਬੰਧਿਤ ਹੋਵੇ, ਉੱਥੇ ਬੱਚਿਆਂ ਅਤੇ ਨੌਜਵਾਨਾਂ ਨੂੰ ਜਿਨਸੀ ਸ਼ੋਸ਼ਣ ਰੋਕਥਾਮ ਪ੍ਰੋਗਰਾਮਾਂ ਅਤੇ ਸਬੰਧਿਤ ਢੁੱਕਵੀਂ ਜਾਣਕਾਰੀ ਤੱਕ ਉਮਰ ਦੇ ਹਿਸਾਬ ਵਾਲੇ ਤਰੀਕੇ ਨਾਲ ਪਹੁੰਚ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।<br>3.4 ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਨੁਕਸਾਨ ਦੇ ਚਿੰਨ੍ਹਾਂ ਨਾਲ ਜੋੜਨ ਲਈ, ਅਤੇ ਬੱਚਿਆਂ ਅਤੇ ਨੌਜਵਾਨਾਂ ਦੁਆਰਾ ਆਪਣੇ ਵਿਚਾਰ ਪ੍ਰਗਟ ਕਰਨ, ਫੈਸਲਾ ਲੈਣ ਵਿੱਚ ਹਿੱਸਾ ਲੈਣ ਅਤੇ ਆਪਣੀਆਂ ਚਿੰਤਾਵਾਂ ਵਿਅਕਤ ਕਰਨਾ ਲਈ ਬੱਚਿਆਂ ਦੇ ਅਨੁਕੂਲ ਤਰੀਕਿਆਂ ਨਾਲ ਕਰਮਚਾਰੀਆਂ ਅਤੇ ਸਵੈ-ਸੇਵਕਾਂ ਦੁਆਰਾ ਸੁਵਿਧਾਜਨਕ ਬਣਾਇਆ ਜਾਂਦਾ ਹੈ।<br>3.5 ਸੰਸਥਾਵਾਂ ਕੋਲ ਸਭਿਆਚਾਰ ਵਿਕਸਤ ਕਰਨ ਲਈ ਰਣਨੀਤੀਆਂ ਹਨ ਜੋ ਹਿੱਸੇਦਾਰੀ ਨੂੰ ਸੁਵਿਧਾਜਨਕ ਬਣਾਉਂਦੀਆਂ ਹਨ ਅਤੇ ਬੱਚਿਆਂ ਅਤੇ ਨੌਜਵਾਨਾਂ ਦੇ ਸੁਝਾਵਾਂ ਪ੍ਰਤੀ ਜਵਾਬਦੇਹ ਹਨ।<br>3.6 ਸੰਸਥਾਵਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਹਿੱਸਾ ਲੈਣ ਦੇ ਮੌਕੇ ਪ੍ਰਦਾਨ ਕਰਦੀਆਂ ਹਨ ਅਤੇ ਉਹਨਾਂ ਦੇ ਯੋਗਦਾਨਾਂ ਪ੍ਰਤੀ ਜਵਾਬਦੇਹ ਹੁੰਦੀਆਂ ਹਨ, ਜਿਸ ਨਾਲ ਵਿਸ਼ਵਾਸ ਅਤੇ ਰੁਝੇਵੇਂ ਨੂੰ ਮਜ਼ਬੂਤੀ ਮਿਲਦੀ ਹੈ। | ਬਾਲ ਸੁਰੱਖਿਆ ਮਿਆਰਾਂ ਨੇ ਹਮੇਸ਼ਾਂ ਸੰਸਥਾਵਾਂ ਨੂੰ ਬੱਚਿਆਂ ਅਤੇ ਨੌਜਵਾਨਾਂ ਨੂੰ ਸ਼ਕਤੀਸ਼ਾਲੀ ਬਨਾਉਣ ਅਤੇ ਉਨ੍ਹਾਂ ਦੀ ਹਿੱਸੇਦਾਰੀ ਨੂੰ ਉਤਸ਼ਾਹਤ ਕਰਨ ਲਈ ਰਣਨੀਤੀਆਂ ਬਨਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਇਹ ਜ਼ਿੰਮੇਵਾਰੀਆਂ ਬਣੀਆਂ ਰਹਿੰਦੀਆਂ ਹਨ।<br>ਨਵੇਂ ਬਾਲ ਸੁਰੱਖਿਆ ਮਿਆਰ 3 ਅਧੀਨ ਸੰਸਥਾਵਾਂ ਵਾਸਤੇ ਵਧੀਕ ਲੋੜਾਂ ਵਿੱਚ ਸ਼ਾਮਲ ਹਨ:<br>• ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਸੂਚਿਤ ਕਰਨਾ<br>• ਦੋਸਤੀ ਦੀ ਮਹੱਤਤਾ ਨੂੰ ਪਛਾਣਨਾ ਅਤੇ ਸਾਥੀਆਂ ਤੋਂ ਸਹਾਇਤਾ ਲੈਣ ਨੂੰ ਉਤਸ਼ਾਹਿਤ ਕਰਨਾ, ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਅਤੇ ਨਾਲ ਜੁੜੇ ਮਹਿਸੂਸ ਕਰਨ ਵਿੱਚ ਮਦਦ ਕਰਨਾ<br>• ਜਿੱਥੇ ਢੁੱਕਵਾਂ ਹੈ, ਬੱਚਿਆਂ ਅਤੇ ਨੌਜਵਾਨਾਂ ਨੂੰ ਜਿਨਸੀ ਸ਼ੋਸ਼ਣ ਰੋਕਥਾਮ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨਾ<br>• ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਸੰਕੇਤਾਂ ਦੀ ਪਛਾਣ ਕਰਨ ਲਈ ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਲੈਸ ਕਰਨਾ। | ਕਮਿਸ਼ਨ ਦੀ ਸਸ਼ਕਤੀਕਰਨ ਅਤੇ ਹਿੱਸੇਦਾਰੀ: ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਗਾਈਡ ਸਸ਼ਕਤੀਕਰਨ ਅਤੇ ਹਿੱਸੇਦਾਰੀ ਬਾਰੇ ਸੰਸਥਾਵਾਂ ਲਈ ਵਿਹਾਰਕ, ਪਹੁੰਚਯੋਗ ਮਾਰਗਦਰਸ਼ਨ ਅਤੇ ਇਸ ਨੂੰ ਅਮਲ ਵਿੱਚ ਕਿਵੇਂ ਲਿਆਉਣਾ ਹੈ, ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।<br>ਬੱਚਿਆਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਤਹਿਤ ਬੱਚਿਆਂ ਦੇ ਬਹੁਤ ਸਾਰੇ ਅਧਿਕਾਰ ਸਥਾਪਤ ਕੀਤੇ ਜਾਂਦੇ ਹਨ। ਸੰਯੁਕਤ ਰਾਸ਼ਟਰ ਨੇ ਇਕ ਸਰਲ ਸੰਸਕਰਣ ਪ੍ਰਕਾਸ਼ਿਤ ਕੀਤਾ ਹੈ।<br>ਸਿੱਖਿਆ ਅਤੇ ਸਿਖਲਾਈ ਵਿਭਾਗ ਦੇ ਸਕੂਲਾਂ ਲਈ ਮਾਰਗਦਰਸ਼ਨ ਵਿੱਚ ਵੱਖ-ਵੱਖ ਦੁਰਵਿਵਹਾਰਾਂ ਦੀਆਂ ਕਿਸਮਾਂ ਦੇ ਚਿੰਨ੍ਹਾਂ ਬਾਰੇ ਲਾਭਦਾਇਕ ਜਾਣਕਾਰੀ ਹੈ।<br>ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਵਿੱਚ ਮੌਜੂਦਾ ਮਿਆਰ 7 ਦੇ ਸੈਕਸ਼ਨ ਵਿੱਚ ਕੁਝ ਢੁੱਕਵੀਂ ਸੇਧ ਹੈ।<br>ਨੈਸ਼ਨਲ ਸਿਧਾਂਤ 2 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 4 - ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ, ਅਤੇ ਬਾਲ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ**<br>ਬਾਲ ਸੁਰੱਖਿਆ ਮਿਆਰ 4 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਣਾਉਣਾ ਚਾਹੀਦਾ ਹੈ:<br>4.1 ਪਰਿਵਾਰ ਆਪਣੇ ਬੱਚੇ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਹਿੱਸਾ ਲੈਂਦੇ ਹਨ।<br>4.2 ਸੰਸਥਾ ਆਪਣੀ ਬਾਲ ਸੁਰੱਖਿਆ ਅਤੇ ਸਬੰਧਿਤ ਜਾਣਕਾਰੀ ਤੱਕ ਪਹੁੰਚ ਬਾਰੇ ਪਰਿਵਾਰਾਂ ਅਤੇ ਭਾਈਚਾਰੇ ਦੇ ਨਾਲ ਜੁੜਦੀ ਹੈ ਅਤੇ ਖੁੱਲ੍ਹ ਕੇ ਗੱਲਬਾਤ ਕਰਦੀ ਹੈ।<br>4.3 ਪਰਿਵਾਰਾਂ ਅਤੇ ਭਾਈਚਾਰਿਆਂ ਕੋਲ ਸੰਸਥਾ ਦੀਆਂ ਨੀਤੀਆਂ ਅਤੇ ਪ੍ਰਥਾਵਾਂ ਦੇ ਵਿਕਾਸ ਅਤੇ ਸਮੀਖਿਆ ਵਿੱਚ ਆਪਣੀ ਗੱਲ ਕਹਿਣ ਦਾ ਮੌਕਾ ਹੈ।<br>4.4 ਪਰਿਵਾਰਾਂ, ਸੰਭਾਲ ਕਰਨ ਵਾਲਿਆਂ ਅਤੇ ਭਾਈਚਾਰੇ ਨੂੰ ਸੰਸਥਾ ਦੇ ਸੰਚਾਲਨ ਅਤੇ ਸ਼ਾਸਨ ਬਾਰੇ ਸੂਚਿਤ ਕੀਤਾ ਜਾਂਦਾ ਹੈ। | ਬਹੁਤ ਸਾਰੀਆਂ ਸੰਸਥਾਵਾਂ ਪਹਿਲਾਂ ਹੀ ਮੌਜੂਦਾ ਬਾਲ ਸੁਰੱਖਿਆ ਮਿਆਰਾਂ ਦੀ ਪਾਲਣਾ ਕਰਨ ਦੇ ਹਿੱਸੇ ਵਜੋਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕਰਦੀਆਂ ਹਨ।<br>ਨਵਾਂ ਬਾਲ ਸੁਰੱਖਿਆ ਮਿਆਰ 4, ਬਾਲ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸ਼ਾਮਲ ਕਰਨ ਲਈ ਸੰਸਥਾਵਾਂ ਉੱਤੇ ਵਿਸ਼ੇਸ਼ ਜ਼ਿੰਮੇਵਾਰੀਆਂ ਲਗਾਉਂਦਾ ਹੈ।<br>ਨਵੀਆਂ ਜ਼ਿੰਮੇਵਾਰੀਆਂ ਦਾ ਮਤਲਬ ਹੈ ਕਿ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ:<br>• ਬੱਚਿਆਂ ਅਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਪਰਿਵਾਰਾਂ ਅਤੇ ਭਾਈਚਾਰਿਆਂ ਦੇ ਸੁਝਾਵਾਂ ਦੀ ਮੰਗ ਕਰਦੀਆਂ ਹਨ<br>• ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਆਪਣੀਆਂ ਬਾਲ ਸੁਰੱਖਿਆ ਨੀਤੀਆਂ ਅਤੇ ਪ੍ਰਥਾਵਾਂ ਦੇ ਵਿਕਾਸ ਅਤੇ ਸਮੀਖਿਆ ਵਿੱਚ ਸ਼ਾਮਲ ਕਰਦੀਆਂ ਹਨ<br>• ਬੱਚਿਆਂ ਦੀ ਸੁਰੱਖਿਆ ਸਬੰਧੀ ਚਿੰਤਾਵਾਂ ਨੂੰ ਕਿਵੇਂ ਉਠਾਉਣਾ ਹੈ ਅਤੇ ਸੰਸਥਾ ਕਿਵੇਂ ਕੰਮ ਕਰਦੀ ਹੈ, ਇਸ ਬਾਰੇ ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਚਾਰ ਕਰਦੀਆਂ ਹਨ<br>• ਪਰਿਵਾਰਾਂ ਦੀ ਵਿਭਿੰਨਤਾ ਨੂੰ ਧਿਆਨ ਵਿੱਚ ਰੱਖਣ ਅਤੇ ਸ਼ਮੂਲੀਅਤ ਵਿੱਚ ਰੁਕਾਵਟਾਂ ਨੂੰ ਘਟਾਉਣ ਲਈ ਕੰਮ ਕਰਦੀਆਂ ਹਨ। | ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸ਼ਾਮਲ ਕਰਨ ਦੀ ਸਿਫਾਰਸ਼ ਪਹਿਲਾਂ ਹੀ ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਗਾਈਡ ਵਿੱਚ ਵਧੀਆ ਅਭਿਆਸ ਵਜੋਂ ਕੀਤੀ ਜਾਂਦੀ ਹੈ।<br>ਨੈਸ਼ਨਲ ਸਿਧਾਂਤ 3 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 5 - ਬਰਾਬਰੀ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਅਭਿਆਸ ਵਿੱਚ ਵਿਭਿੰਨ ਲੋੜਾਂ ਦਾ ਆਦਰ ਕੀਤਾ ਜਾਂਦਾ ਹੈ**<br>ਬਾਲ ਸੁਰੱਖਿਆ ਮਿਆਰ 5 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>5.1 ਸੰਸਥਾ, ਜਿਸ ਵਿੱਚ ਕਰਮਚਾਰੀ ਅਤੇ ਸਵੈ-ਸੇਵਕ ਵੀ ਸ਼ਾਮਲ ਹਨ, ਬੱਚਿਆਂ ਅਤੇ ਨੌਜਵਾਨਾਂ ਦੇ ਵਿਭਿੰਨ ਹਾਲਾਤਾਂ ਨੂੰ ਸਮਝਦੀ ਹੈ, ਅਤੇ ਉਹਨਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਜਵਾਬ ਦਿੰਦੀ ਹੈ ਜੋ ਨਿਤਾਣੇ ਹਨ।<br>5.2 ਬੱਚਿਆਂ ਅਤੇ ਨੌਜਵਾਨਾਂ ਕੋਲ ਜਾਣਕਾਰੀ, ਸਹਾਇਤਾ ਅਤੇ ਸ਼ਿਕਾਇਤਾਂ ਦੀਆਂ ਪ੍ਰਕਿਰਿਆਵਾਂ ਤੱਕ ਉਹਨਾਂ ਤਰੀਕਿਆਂ ਨਾਲ ਪਹੁੰਚ ਹੁੰਦੀ ਹੈ ਜੋ ਸਭਿਆਚਾਰਕ ਤੌਰ ਤੇ ਸੁਰੱਖਿਅਤ, ਪਹੁੰਚਯੋਗ ਅਤੇ ਸਮਝਣ ਵਿੱਚ ਆਸਾਨ ਹੁੰਦੇ ਹਨ।<br>5.3 ਸੰਸਥਾ ਅਪੰਗਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ, ਸਭਿਆਚਾਰਕ ਅਤੇ ਭਾਸ਼ਾਈ ਤੌਰ ਤੇ ਵਿਭਿੰਨ ਪਿਛੋਕੜ ਵਾਲੇ ਬੱਚਿਆਂ ਅਤੇ ਨੌਜਵਾਨਾਂ, ਘਰ ਵਿੱਚ ਰਹਿਣ ਦੇ ਅਯੋਗ ਬੱਚਿਆਂ ਅਤੇ ਨੌਜਵਾਨਾਂ, ਅਤੇ ਲੈਜ਼ਬੀਅਨ, ਗੇਅ, ਬਾਈਸੈਕਸੁਅਲ, ਟ੍ਰਾਂਸਜੈਂਡਰ ਅਤੇ ਇੰਟਰਸੈਕਸ ਬੱਚਿਆਂ ਅਤੇ ਨੌਜਵਾਨਾਂ ਦੀਆਂ ਲੋੜਾਂ ਉੱਤੇ ਖਾਸ ਧਿਆਨ ਦਿੰਦੀ ਹੈ।<br>5.4 ਸੰਸਥਾ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਦੀਆਂ ਲੋੜਾਂ ਵੱਲ ਵਿਸ਼ੇਸ਼ ਧਿਆਨ ਦਿੰਦੀ ਹੈ, ਅਤੇ ਉਹਨਾਂ ਵਾਸਤੇ ਸਭਿਆਚਾਰਕ ਤੌਰ ਤੇ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਦੀ ਹੈ/ਨੂੰ ਉਤਸ਼ਾਹਿਤ ਕਰਦੀ ਹੈ। | ਬਾਲ ਸੁਰੱਖਿਆ ਮਿਆਰਾਂ ਨੇ ਸੰਸਥਾਵਾਂ ਨੂੰ ਹਮੇਸ਼ਾਂ ਵਿਭਿੰਨਤਾ ਨੂੰ ਪਛਾਣਨ ਅਤੇ ਜਵਾਬ ਦੇਣ ਅਤੇ ਇਹ ਸਮਝਣ ਦੀ ਲੋੜ ਦੀ ਮੰਗ ਕੀਤੀ ਹੈ ਕਿ ਕੁਝ ਬੱਚੇ ਦੂਜਿਆਂ ਨਾਲੋਂ ਦੁਰਵਿਵਹਾਰ ਲਈ ਵਧੇਰੇ ਨਿਤਾਣੇ ਹੁੰਦੇ ਹਨ। ਅੱਜ ਤੱਕ ਇਸ ਨੂੰ ਆਦਿਵਾਸੀ ਬੱਚਿਆਂ ਦੀ ਸਭਿਆਚਾਰਕ ਸੁਰੱਖਿਆ, ਸਭਿਆਚਾਰਕ ਅਤੇ/ਜਾਂ ਭਾਸ਼ਾਈ ਤੌਰ ਤੇ ਵਿਭਿੰਨ ਬੱਚਿਆਂ ਦੀ ਸਭਿਆਚਾਰਕ ਸੁਰੱਖਿਆ ਅਤੇ ਅਪੰਗਤਾ ਵਾਲੇ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਤਿੰਨ ਸਿਧਾਂਤਾਂ ਰਾਹੀਂ ਪ੍ਰਗਟ ਕੀਤਾ ਗਿਆ ਹੈ।<br>ਇਹ ਜ਼ਿੰਮੇਵਾਰੀਆਂ ਜਾਰੀ ਰਹਿੰਦੀਆਂ ਹਨ, ਪਰ ਨਵਾਂ ਬਾਲ ਸੁਰੱਖਿਆ ਮਿਆਰ 5 ਕੁਝ ਵਾਧੂ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਕਰਦਾ ਹੈ, ਜਿਸ ਲਈ ਸੰਸਥਾਵਾਂ ਨੂੰ ਇਹਨਾਂ ਦੀ ਲਾਜ਼ਮੀ ਲੋੜ ਹੁੰਦੀ ਹੈ:<br>• ਬੱਚਿਆਂ ਅਤੇ ਨੌਜਵਾਨਾਂ ਦੇ ਵਿਭਿੰਨ ਪਿਛੋਕੜਾਂ, ਹਾਲਾਤਾਂ ਅਤੇ ਲੋੜਾਂ ਨੂੰ ਸਮਝਣਾ<br>• ਕੋਈ ਜ਼ਰੂਰੀ ਵਾਧ-ਘਾਟ ਕਰਨਾ ਅਤੇ ਸਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਬਰਾਬਰ ਸੁਰੱਖਿਆ ਪ੍ਰਦਾਨ ਕਰਨਾ<br>• ਘਰ ਵਿੱਚ ਰਹਿਣ ਦੇ ਅਯੋਗ ਅਤੇ ਨਾਲ ਹੀ ਲੈਜ਼ਬੀਅਨ, ਗੇਅ, ਬਾਈਸੈਕਸੁਅਲ, ਟ੍ਰਾਂਸਜੈਂਡਰ ਅਤੇ ਇੰਟਰਸੈਕਸ ਬੱਚਿਆਂ ਅਤੇ ਨੌਜਵਾਨਾਂ ਦੀਆਂ ਲੋੜਾਂ ਉੱਤੇ ਵਿਚਾਰ ਕਰਨਾ<br>ਬੱਚਿਆਂ ਦੇ ਵਿਭਿੰਨ ਹਾਲਾਤਾਂ ਨੂੰ ਸਮਝਣ ਸਬੰਧੀ ਨਵੇਂ ਮਿਆਰ ਦੇ ਧਿਆਨ ਨੂੰ ਦੇਖਦੇ ਹੋਏ, ਸੰਸਥਾਵਾਂ ਨੂੰ ਗੈਰ-ਬਾਈਨਰੀ ਅਤੇ ਲਿੰਗੀ ਤੌਰ ਤੇ ਵਿਭਿੰਨ ਬੱਚਿਆਂ ਦੀਆਂ ਲੋੜਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੋਵੇਗੀ।<br>ਇਹ ਮਿਆਰ ਨਵੇਂ ਮਿਆਰ 1 ਨਾਲ ਸਬੰਧ ਰੱਖਦਾ ਹੈ, ਜਿਸ ਵਿੱਚ ਸੰਸਥਾਵਾਂ ਨੂੰ ਸਭਿਆਚਾਰਕ ਤੌਰ ਤੇ ਸੁਰੱਖਿਅਤ ਵਾਤਾਵਰਣ ਸਥਾਪਤ ਕਰਨ ਦੀ ਲੋੜ ਹੁੰਦੀ ਹੈ ਜਿਸ ਵਿੱਚ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਦੀਆਂ ਵਿਭਿੰਨ ਅਤੇ ਵਿਲੱਖਣ ਪਛਾਣਾਂ ਅਤੇ ਤਜਰਬਿਆਂ ਦਾ ਆਦਰ ਅਤੇ ਕਦਰ ਕੀਤੀ ਜਾਂਦੀ ਹੈ। | ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਨੌਜਵਾਨਾਂ, ਖਾਸ ਕਰਕੇ ਆਦਿਵਾਸੀ ਬੱਚਿਆਂ, ਸਭਿਆਚਾਰਕ ਅਤੇ/ਜਾਂ ਭਾਸ਼ਾਈ ਤੌਰ ਤੇ ਵਿਭਿੰਨ ਬੱਚਿਆਂ ਅਤੇ ਅਪੰਗਤਾ ਵਾਲੇ ਬੱਚਿਆਂ ਦੀਆਂ ਵਿਭਿੰਨ ਸਮੂਹਾਂ ਦੀਆਂ ਲੋੜਾਂ ਦਾ ਸਮਰਥਨ ਕਰਨ ਬਾਰੇ ਕੁਝ ਲਾਭਦਾਇਕ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ।<br>ਨੈਸ਼ਨਲ ਸਿਧਾਂਤ 4 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 6 - ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਨ ਵਾਲੇ ਲੋਕ ਬਾਲ ਸੁਰੱਖਿਆ ਅਤੇ ਵਿਹਾਰਕ ਤੌਰ ਤੇ ਭਲਾਈ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਣ ਲਈ ਢੁਕਵੇਂ ਅਤੇ ਸਹਾਇਤਾ ਵਾਲੇ ਹੁੰਦੇ ਹਨ**<br>ਬਾਲ ਸੁਰੱਖਿਆ ਮਿਆਰ 6 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>6.1 ਇਸ਼ਤਿਹਾਰਬਾਜ਼ੀ, ਰੈਫਰੀ ਦੀਆਂ ਜਾਂਚਾਂ ਅਤੇ ਕਰਮਚਾਰੀ ਅਤੇ ਸਵੈ-ਸੇਵਕ ਦੀ ਰੁਜ਼ਗਾਰ ਤੋਂ ਪਹਿਲਾਂ ਦੀ ਛਾਣਬੀਣ ਸਮੇਤ ਭਰਤੀ ਬਾਲ ਸੁਰੱਖਿਆ ਅਤੇ ਭਲਾਈ ਉੱਤੇ ਜ਼ੋਰ ਦਿੰਦੀ ਹੈ।<br>6.2 ਸਬੰਧਿਤ ਕਰਮਚਾਰੀਆਂ ਅਤੇ ਸਵੈ-ਸੇਵਕਾਂ ਕੋਲ ਵਰਤਮਾਨ ਸਮੇਂ ਵਿੱਚ ਬੱਚਿਆਂ ਨਾਲ ਕੰਮ ਕਰਨ ਦੀਆਂ ਜਾਂਚਾਂ (ਵਰਕਿੰਗ ਵਿਦ ਚਿਲਡਰਨ ਚੈੱਕਸ) ਜਾਂ ਬਰਾਬਰ ਦੀਆਂ ਪਿਛੋਕੜ ਜਾਂਚਾਂ ਹਨ।<br>6.3 ਸਾਰੇ ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਉਚਿਤ ਸ਼ੁਰੂਆਤੀ ਜਾਣਕਾਰੀ ਮਿਲਦੀ ਹੈ ਅਤੇ ਉਹ ਬੱਚਿਆਂ ਅਤੇ ਨੌਜਵਾਨਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੁੰਦੇ ਹਨ, ਜਿਸ ਵਿੱਚ ਰਿਕਾਰਡ ਰੱਖਣਾ, ਜਾਣਕਾਰੀ ਸਾਂਝੀ ਕਰਨਾ ਅਤੇ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ।<br>6.4 ਚੱਲ ਰਹੀ ਨਿਗਰਾਨੀ ਅਤੇ ਲੋਕ ਪ੍ਰਬੰਧ ਬਾਲ ਸੁਰੱਖਿਆ ਅਤੇ ਭਲਾਈ ਉੱਤੇ ਕੇਂਦਰਿਤ ਹੈ। | ਵਰਤਮਾਨ ਬਾਲ ਸੁਰੱਖਿਆ ਮਿਆਰ ਪਹਿਲਾਂ ਹੀ ਸੰਸਥਾਵਾਂ ਲਈ ਭਰਤੀ ਅਤੇ ਚੋਣ ਪ੍ਰਕਿਰਿਆਵਾਂ, ਛਾਣ-ਬੀਣ, ਨਿਗਰਾਨੀ, ਸਿਖਲਾਈ, ਵਿਕਾਸ ਅਤੇ ਕਰਮਚਾਰੀਆਂ ਅਤੇ ਸਵੈ-ਸੇਵਕਾਂ ਦੀ ਕਾਰਗੁਜ਼ਾਰੀ ਨਿਗਰਾਨੀ ਵਾਸਤੇ ਬਾਲ ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਹੋਣਾ ਲਾਜ਼ਮੀ ਬਣਾਉਂਦੇ ਹਨ। ਉਹਨਾਂ ਨੂੰ ਬਾਲ ਸੁਰੱਖਿਆ ਦੇ ਮੁੱਦਿਆਂ ਵਾਸਤੇ ਸੰਸਥਾ ਦੀਆਂ ਰਿਪੋਰਟ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਜਾਗਰੂਕ ਕਰਨ ਦੀ ਵੀ ਲੋੜ ਹੁੰਦੀ ਹੈ।<br>ਨਵੇਂ ਬਾਲ ਸੁਰੱਖਿਆ ਮਿਆਰ 6 ਦੇ ਅਧੀਨ, ਸੰਸਥਾਵਾਂ ਦੀਆਂ ਨਵੀਆਂ ਜ਼ਿੰਮੇਵਾਰੀਆਂ ਹੋਣਗੀਆਂ ਕਿ ਉਹ ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਇਸ ਬਾਰੇ ਸੂਚਿਤ ਕਰਨ:<br>• ਬਾਲ ਸੁਰੱਖਿਆ ਅਤੇ ਭਲਾਈ ਦੇ ਸਬੰਧ ਵਿੱਚ ਸੰਸਥਾ ਦੀਆਂ ਰਿਕਾਰਡ ਰੱਖਣ ਦੀਆਂ ਪ੍ਰਕਿਰਿਆਵਾਂ<br>• ਜਾਣਕਾਰੀ ਸਾਂਝੀ ਕਰਨ ਅਤੇ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ। | ਬਾਲ ਸੁਰੱਖਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਵਿੱਚ ਭਰਤੀ ਅਤੇ ਚੋਣ ਪ੍ਰਕਿਰਿਆਵਾਂ, ਛਾਣ-ਬੀਣ, ਨਿਗਰਾਨੀ, ਸਿਖਲਾਈ, ਵਿਕਾਸ ਅਤੇ ਬਾਲ ਸੁਰੱਖਿਆ ਦਾ ਸਮਰਥਨ ਕਰਨ ਵਾਲੇ ਸਵੈ-ਸੇਵਕਾਂ ਦੀ ਕਾਰਗੁਜ਼ਾਰੀ ਨਿਗਰਾਨੀ ਬਾਰੇ ਵਿਆਪਕ ਮਾਰਗਦਰਸ਼ਨ ਹੈ।<br>ਨੈਸ਼ਨਲ ਸਿਧਾਂਤ 5 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 7 - ਸ਼ਿਕਾਇਤਾਂ ਅਤੇ ਚਿੰਤਾਵਾਂ ਵਾਸਤੇ ਪ੍ਰਕਿਰਿਆਵਾਂ, ਬੱਚਿਆਂ ਉੱਤੇ ਕੇਂਦਰਿਤ ਹਨ**<br><br>ਬਾਲ ਸੁਰੱਖਿਆ ਮਿਆਰ 7 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਣਾਉਣਾ ਚਾਹੀਦਾ ਹੈ:<br><br>7.1 ਸੰਸਥਾ ਦੀ ਪਹੁੰਚਯੋਗ, ਬਾਲ ਕੇਂਦਰਿਤ ਸ਼ਿਕਾਇਤ ਨਾਲ ਨਜਿੱਠਣ ਦੀ ਨੀਤੀ ਹੈ ਜੋ ਅਗਵਾਈ ਸਮੂਹ, ਕਰਮਚਾਰੀਆਂ ਅਤੇ ਸਵੈ-ਸੇਵਕਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਵੱਖ-ਵੱਖ ਕਿਸਮਾਂ ਦੀਆਂ ਸ਼ਿਕਾਇਤਾਂ ਨਾਲ ਨਜਿੱਠਣ ਲਈ ਪਹੁੰਚਾਂ, ਸਬੰਧਿਤ ਨੀਤੀਆਂ ਦੀ ਉਲੰਘਣਾ ਜਾਂ ਆਦਰਸ਼ ਕੰਮ ਦੀਆਂ ਸੇਧਾਂ ਅਤੇ ਕਾਰਵਾਈ ਕਰਨ ਅਤੇ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਦੀ ਸਪੱਸ਼ਟ ਰੂਪ ਰੇਖਾ ਦਿੰਦੀ ਹੈ।<br>7.2 ਸ਼ਿਕਾਇਤ ਸੰਭਾਲਣ ਦੀਆਂ ਪ੍ਰਭਾਵਸ਼ਾਲੀ ਪ੍ਰਕਿਰਿਆਵਾਂ ਨੂੰ ਬੱਚਿਆਂ ਅਤੇ ਨੌਜਵਾਨਾਂ, ਪਰਿਵਾਰਾਂ, ਕਰਮਚਾਰੀਆਂ ਅਤੇ ਸਵੈ-ਸੇਵਕਾਂ ਦੁਆਰਾ ਸਮਝਿਆ ਜਾਂਦਾ ਹੈ, ਅਤੇ ਇਹ ਸਭਿਆਚਾਰਕ ਤੌਰ ਤੇ ਸੁਰੱਖਿਅਤ ਹਨ।<br><br>7.3 ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ, ਅਤੇ ਇਨ੍ਹਾਂ ਉੱਤੇ ਤੁਰੰਤ ਅਤੇ ਚੰਗੀ ਤਰ੍ਹਾਂ ਜਵਾਬ ਦਿੱਤਾ ਜਾਂਦਾ ਹੈ।<br>7.4 ਸੰਸਥਾ ਕੋਲ ਅਜਿਹੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਹਨ ਜੋ ਸਬੰਧਿਤ ਅਥਾਰਟੀਆਂ ਨੂੰ ਸ਼ਿਕਾਇਤਾਂ ਅਤੇ ਚਿੰਤਾਵਾਂ ਦੀ ਰਿਪੋਰਟ ਕਰਨ ਨੂੰ ਹੱਲ ਕਰਦੀਆਂ ਹਨ, ਚਾਹੇ ਕਾਨੂੰਨ ਨੂੰ ਰਿਪੋਰਟ ਕਰਨ ਦੀ, ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਸਹਿਯੋਗ ਕਰਨ ਦੀ ਲੋੜ ਨਾ ਵੀ ਹੋਵੇ।<br>7.5 ਰਿਪੋਰਟ ਕਰਨ ਦੀ, ਪਰਦੇਦਾਰੀ ਅਤੇ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕੀਤੀਆਂ ਜਾਂਦੀਆਂ ਹਨ। | ਵਰਤਮਾਨ ਬਾਲ ਸੁਰੱਖਿਆ ਮਿਆਰਾਂ ਵਾਸਤੇ ਸੰਸਥਾਵਾਂ ਨੂੰ ਅਜਿਹੀਆਂ ਪ੍ਰਭਾਵਸ਼ਾਲੀ ਪ੍ਰਕਿਰਿਆਵਾਂ ਦੀ ਲੋੜ ਹੁੰਦੀ ਹੈ ਜੋ ਸ਼ਿਕਾਇਤਾਂ ਕਰਨ ਲਈ ਬੱਚਿਆਂ ਅਤੇ ਨੌਜਵਾਨਾਂ ਦੀ ਸਹਾਇਤਾ ਕਰਦੀਆਂ ਹਨ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਸੰਸਥਾ ਸ਼ੱਕੀ ਬਾਲ ਸ਼ੋਸ਼ਣ ਦਾ ਉਚਿਤ ਜਵਾਬ ਦੇ ਸਕਦੀ ਹੈ ਅਤੇ ਰਿਪੋਰਟ ਕਰ ਸਕਦੀ ਹੈ।<br>ਨਵਾਂ ਬਾਲ ਸੁਰੱਖਿਆ ਮਿਆਰ 7 ਕਰਮਚਾਰੀਆਂ ਅਤੇ ਸਵੈ-ਸੇਵਕਾਂ ਤੋਂ ਇਲਾਵਾ ਬੱਚਿਆਂ ਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੁਆਰਾ ਬੱਚਿਆਂ ਉੱਤੇ ਕੇਂਦਰਿਤ ਅਤੇ ਸਮਝੀਆਂ ਜਾ ਰਹੀਆਂ ਸ਼ਿਕਾਇਤਾਂ ਦੀਆਂ ਪ੍ਰਕਿਰਿਆਵਾਂ ਦੀ ਮਹੱਤਤਾ ਉੱਤੇ ਜ਼ੋਰ ਦਿੰਦਾ ਹੈ।<br>ਨਵਾਂ ਬਾਲ ਸੁਰੱਖਿਆ ਮਿਆਰ 7, ਸੰਸਥਾਵਾਂ ਵਾਸਤੇ ਇਹ ਜ਼ਿੰਮੇਵਾਰੀਆਂ ਵੀ ਸਪੱਸ਼ਟ ਕਰਦਾ ਹੈ ਕਿ ਉਹਨਾਂ ਨੂੰ ਇਹ ਕਰਨਾ ਚਾਹੀਦਾ ਹੈ:<br>• ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣਾ, ਅਤੇ ਉਹਨਾਂ ਦਾ ਤੁਰੰਤ ਅਤੇ ਚੰਗੀ ਤਰ੍ਹਾਂ ਜਵਾਬ ਦੇਣਾ<br>• ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਸਹਿਯੋਗ ਕਰਨਾ<br>• ਰਿਪੋਰਟ ਕਰਨ ਦੀ, ਪਰਦੇਦਾਰੀ ਅਤੇ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰੀਆਂ ਕਰਨਾ। | ਬਾਲ ਸੁਰੱਖਿਆ ਸੰਸਥਾ ਬਣਾਉਣ ਲਈ ਕਮਿਸ਼ਨ ਦੀ ਗਾਈਡ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਰਿਪੋਰਟ ਕਰਨ ਬਾਰੇ ਸਬੰਧਿਤ ਸਲਾਹ ਪ੍ਰਦਾਨ ਕਰਦੀ ਹੈ। ਕਮਿਸ਼ਨ ਦੀ ਵੈੱਬਸਾਈਟ ਵਿੱਚ ਉਹਨਾਂ ਸੰਸਥਾਵਾਂ ਲਈ ਰਿਪੋਰਟ ਯੋਗ ਆਦਰਸ਼ ਵਿਵਹਾਰ ਸਕੀਮ ਬਾਰੇ ਮਾਰਗਦਰਸ਼ਨ ਹੈ ਜੋ ਇਸ ਸਕੀਮ ਦੇ ਅਧੀਨ ਆਉਂਦੇ ਹਨ। ਨੈਸ਼ਨਲ ਆਫਿਸ ਫਾਰ ਚਾਈਲਡ ਸੇਫਟੀ ਨੇ ਬਾਲ-ਕੇਂਦਰਿਤ ਅਤੇ ਪਹੁੰਚਯੋਗ ਸ਼ਿਕਾਇਤਾਂ ਪ੍ਰਕਿਰਿਆਵਾਂ ਬਨਾਉਣ ਬਾਰੇ ਸਰੋਤ ਪ੍ਰਕਾਸ਼ਿਤ ਕੀਤੇ ਹਨ।<br>ਨੈਸ਼ਨਲ ਸਿਧਾਂਤ 6 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 8 - ਕਰਮਚਾਰੀ ਅਤੇ ਸਵੈ-ਸੇਵਕ ਚੱਲ ਰਹੀ ਸਿੱਖਿਆ ਅਤੇ ਸਿਖਲਾਈ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਗਿਆਨ, ਹੁਨਰਾਂ ਅਤੇ ਜਾਗਰੂਕਤਾ ਨਾਲ ਲੈਸ ਹਨ**<br>ਬਾਲ ਸੁਰੱਖਿਆ ਮਿਆਰ 8 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਣਾਉਣਾ ਚਾਹੀਦਾ ਹੈ:<br>8.1 ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਸੰਸਥਾ ਦੀ ਬਾਲ ਸੁਰੱਖਿਆ ਅਤੇ ਭਲਾਈ ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਸਹਾਇਤਾ ਦਿੱਤੀ ਜਾਂਦੀ ਹੈ।<br>8.2 ਕਰਮਚਾਰੀ ਅਤੇ ਸਵੈ-ਸੇਵਕ ਬੱਚਿਆਂ ਦੇ ਨੁਕਸਾਨ ਦੇ ਸੂਚਕਾਂ ਨੂੰ ਪਛਾਣਨ ਲਈ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕਰਦੇ ਹਨ, ਜਿਸ ਵਿੱਚ ਹੋਰ ਬੱਚਿਆਂ ਅਤੇ ਨੌਜਵਾਨਾਂ ਦੁਆਰਾ ਕੀਤੇ ਜਾਣ ਵਾਲੇ ਨੁਕਸਾਨ ਵੀ ਸ਼ਾਮਲ ਹਨ।<br>8.3 ਕਰਮਚਾਰੀ ਅਤੇ ਸਵੈ-ਸੇਵਕ ਬਾਲ ਸੁਰੱਖਿਆ ਅਤੇ ਭਲਾਈ ਦੇ ਮੁੱਦਿਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਅਤੇ ਨੁਕਸਾਨ ਦਾ ਖੁਲਾਸਾ ਕਰਨ ਵਾਲੇ ਸਹਿਕਰਮੀਆਂ ਦੀ ਸਹਾਇਤਾ ਕਰਨ ਲਈ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕਰਦੇ ਹਨ।<br>8.4 ਕਰਮਚਾਰੀ ਅਤੇ ਸਵੈ-ਸੇਵਕ ਬੱਚਿਆਂ ਅਤੇ ਨੌਜਵਾਨਾਂ ਲਈ ਸਭਿਆਚਾਰਕ ਤੌਰ ਤੇ ਸੁਰੱਖਿਅਤ ਵਾਤਾਵਰਣ ਕਿਵੇਂ ਬਨਾਉਣਾ ਹੈ, ਇਸ ਬਾਰੇ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕਰਦੇ ਹਨ। | ਵਰਤਮਾਨ ਬਾਲ ਸੁਰੱਖਿਆ ਮਿਆਰਾਂ ਵਾਸਤੇ ਪਹਿਲਾਂ ਹੀ ਸੰਸਥਾਵਾਂ ਨੂੰ ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਬਾਲ ਸੁਰੱਖਿਅਤ ਵਾਤਾਵਰਣ ਬਣਾ ਸਕਣ ਅਤੇ ਦੁਰਵਿਵਹਾਰ ਦੇ ਦੋਸ਼ਾਂ ਦਾ ਜਵਾਬ ਦੇ ਸਕਣ।<br>ਨਵਾਂ ਬਾਲ ਸੁਰੱਖਿਆ ਮਿਆਰ 8 ਸੰਸਥਾਵਾਂ ਵਾਸਤੇ ਕਰਮਚਾਰੀਆਂ ਅਤੇ ਸਵੈ-ਸੇਵਕਾਂ ਨੂੰ ਸਿਖਲਾਈ ਦੇਣ ਅਤੇ ਸਹਾਇਤਾ ਕਰਨ, ਅਤੇ ਚੱਲ ਰਹੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨ ਦੀਆਂ ਜ਼ਿੰਮੇਵਾਰੀਆਂ ਦਾ ਵਰਣਨ ਇਹ ਕਰਨ ਲਈ ਕਰਦਾ ਹੈ:<br>• ਸੰਸਥਾ ਦੀ ਬਾਲ ਸੁਰੱਖਿਆ ਅਤੇ ਭਲਾਈ ਨੀਤੀ ਨੂੰ ਲਾਗੂ ਕਰਨਾ<br>• ਨੁਕਸਾਨ ਦੇ ਸੂਚਕਾਂ ਨੂੰ ਪਛਾਣਨਾ (ਜਿਸ ਵਿੱਚ ਹੋਰ ਬੱਚਿਆਂ ਅਤੇ ਨੌਜਵਾਨਾਂ ਦੁਆਰਾ ਕੀਤੇ ਜਾਣ ਵਾਲੇ ਨੁਕਸਾਨ ਵੀ ਸ਼ਾਮਲ ਹਨ)<br>• ਬਾਲ ਸੁਰੱਖਿਆ ਦੇ ਮੁੱਦਿਆਂ ਅਤੇ ਸ਼ੰਕਿਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣਾ ਅਤੇ ਨੁਕਸਾਨ ਦਾ ਖੁਲਾਸਾ ਕਰਨ ਵਾਲੇ ਸਹਿਕਰਮੀਆਂ ਦਾ ਸਮਰਥਨ ਕਰਨਾ।<br>ਇਹ ਮਿਆਰ ਨਵੇਂ ਮਿਆਰਾਂ 1 ਅਤੇ 5 ਦੇ ਨਾਲ ਜੁੜਦਾ ਹੈ, ਜਿਸ ਵਿੱਚ ਤਿੰਨੋਂ ਮਿਆਰ ਬੱਚਿਆਂ ਅਤੇ ਨੌਜਵਾਨਾਂ ਲਈ ਸੁਰੱਖਿਅਤ ਵਾਤਾਵਰਣ ਬਨਾਉਣ ਬਾਰੇ ਕਰਮਚਾਰੀਆਂ ਅਤੇ ਸਵੈ-ਸੇਵਕਾਂ ਲਈ ਸਿਖਲਾਈ ਅਤੇ ਜਾਣਕਾਰੀ ਪ੍ਰਦਾਨ ਕਰਨ ਲਈ ਸੰਸਥਾਵਾਂ ਉਪਰ ਜ਼ਿੰਮੇਵਾਰੀਆਂ ਲਗਾਉਂਦੇ ਹਨ। | ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਕਰਮਚਾਰੀਆਂ ਅਤੇ ਸਵੈ-ਸੇਵਕਾਂ ਦੁਆਰਾ ਲੋੜੀਂਦੇ ਗਿਆਨ, ਹੁਨਰਾਂ ਅਤੇ ਜਾਗਰੂਕਤਾ ਬਾਰੇ ਕੁਝ ਜਾਣਕਾਰੀ ਹੈ। ਕਮਿਸ਼ਨ ਦੀ ਵੈੱਬਸਾਈਟ ਵਿੱਚ ਉਹਨਾਂ ਸੰਸਥਾਵਾਂ ਲਈ ਰਿਪੋਰਟ ਯੋਗ ਆਦਰਸ਼ ਵਿਵਹਾਰ ਸਕੀਮ ਬਾਰੇ ਮਾਰਗਦਰਸ਼ਨ ਹੈ ਜੋ ਇਸ ਸਕੀਮ ਦੇ ਅਧੀਨ ਆਉਂਦੇ ਹਨ।<br>ਸਿੱਖਿਆ ਅਤੇ ਸਿਖਲਾਈ ਵਿਭਾਗ ਦੇ ਸਕੂਲਾਂ ਲਈ ਮਾਰਗਦਰਸ਼ਨ ਵਿੱਚ ਵੱਖ-ਵੱਖ ਦੁਰਵਿਵਹਾਰਾਂ ਦੇ ਚਿੰਨ੍ਹਾਂ ਬਾਰੇ ਲਾਭਦਾਇਕ ਜਾਣਕਾਰੀ ਹੈ।<br>ਨੈਸ਼ਨਲ ਸਿਧਾਂਤ 7 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| **ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ)** | **ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ?** | **ਲਾਭਦਾਇਕ ਸਰੋਤ** |
|---|---|---|
| **ਬਾਲ ਸੁਰੱਖਿਆ ਮਿਆਰ 9 - ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਤੋਂ ਘੱਟ ਕਰਦੇ ਹੋਏ, ਸਰੀਰਕ ਅਤੇ ਔਨਲਾਈਨ ਵਾਤਾਵਰਣ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਦੇ ਹਨ**<br>ਬਾਲ ਸੁਰੱਖਿਆ ਮਿਆਰ 9 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>9.1 ਕਰਮਚਾਰੀ ਅਤੇ ਸਵੈ-ਸੇਵਕ ਬੱਚੇ ਦੇ ਪਰਦੇਦਾਰੀ ਦੇ ਅਧਿਕਾਰ, ਜਾਣਕਾਰੀ ਤੱਕ ਪਹੁੰਚ, ਸਮਾਜਿਕ ਰਿਸ਼ਤਿਆਂ ਅਤੇ ਸਿੱਖਣ ਦੇ ਮੌਕਿਆਂ ਨਾਲ ਸਮਝੌਤਾ ਕੀਤੇ ਬਿਨਾਂ, ਔਨਲਾਈਨ ਅਤੇ ਸਰੀਰਕ ਵਾਤਾਵਰਣਾਂ ਵਿੱਚ ਖਤਰਿਆਂ ਦੀ ਪਛਾਣ ਕਰਦੇ ਹਨ ਅਤੇ ਇਨ੍ਹਾਂ ਨੂੰ ਘੱਟ ਕਰਦੇ ਹਨ।<br>9.2 ਔਨਲਾਈਨ ਵਾਤਾਵਰਣ ਦੀ ਵਰਤੋਂ ਸੰਸਥਾ ਦੀਆਂ ਆਦਰਸ਼ ਕੰਮ ਦੀਆਂ ਸੇਧਾਂ ਅਤੇ ਬਾਲ ਸੁਰੱਖਿਆ ਅਤੇ ਭਲਾਈ ਨੀਤੀ ਅਤੇ ਅਭਿਆਸਾਂ ਦੇ ਅਨੁਸਾਰ ਕੀਤੀ ਜਾਂਦੀ ਹੈ।<br>9.3 ਖਤਰਾ ਪ੍ਰਬੰਧਨ ਯੋਜਨਾਵਾਂ ਸੰਗਠਨਾਤਮਕ ਹਾਲਾਤਾਂ, ਗਤੀਵਿਧੀਆਂ, ਅਤੇ ਸਰੀਰਕ ਵਾਤਾਵਰਣ ਦੁਆਰਾ ਪੈਦਾ ਕੀਤੇ ਖਤਰਿਆਂ ਬਾਰੇ ਵਿਚਾਰ ਕਰਦੀਆਂ ਹਨ।<br>9.4 ਸੰਸਥਾਵਾਂ ਜੋ ਤੀਜੀਆਂ ਧਿਰਾਂ ਨਾਲ ਸਹੂਲਤਾਂ ਅਤੇ ਸੇਵਾਵਾਂ ਦਾ ਠੇਕਾ ਕਰਦੀਆਂ ਹਨ, ਉਹਨਾਂ ਕੋਲ ਖਰੀਦ ਨੀਤੀਆਂ ਹਨ, ਜੋ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। | ਵਰਤਮਾਨ ਬਾਲ ਸੁਰੱਖਿਆ ਮਿਆਰਾਂ ਵਾਸਤੇ ਪਹਿਲਾਂ ਹੀ ਸੰਸਥਾਵਾਂ ਨੂੰ ਸਰੀਰਕ ਅਤੇ ਔਨਲਾਈਨ ਵਾਤਾਵਰਣਾਂ ਦੋਵਾਂ ਨਾਲ ਜੁੜੇ ਖਤਰਿਆਂ ਬਾਰੇ ਧਿਆਨ ਰੱਖਣ ਅਤੇ ਬਾਲ ਸ਼ੋਸ਼ਣ ਦੇ ਖਤਰਿਆਂ ਨੂੰ ਦੂਰ ਕਰਨ ਲਈ ਉਪਾਵਾਂ ਨੂੰ ਅਪਣਾਉਣ ਦੀ ਲੋੜ ਹੁੰਦੀ ਹੈ।<br>ਨਵੇਂ ਬਾਲ ਸੁਰੱਖਿਆ ਮਿਆਰ 9 ਵਿੱਚ, ਸੰਸਥਾਵਾਂ ਵਾਸਤੇ ਵਿਸ਼ੇਸ਼ ਜ਼ਿੰਮੇਵਾਰੀਆਂ ਹਨ ਕਿ ਉਹਨਾਂ ਨੂੰ ਇਹ ਕਰਨਾ ਚਾਹੀਦਾ ਹੈ:<br>• ਸਰੀਰਕ ਵਾਤਾਵਰਣਾਂ ਤੋਂ ਇਲਾਵਾ ਔਨਲਾਈਨ ਵਾਤਾਵਰਣਾਂ ਉੱਤੇ ਵਿਚਾਰ ਕਰਨਾ<br>• ਕਿਸੇ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਪਰਦੇਦਾਰੀ ਦੇ ਅਧਿਕਾਰ, ਜਾਣਕਾਰੀ ਤੱਕ ਪਹੁੰਚ, ਸਮਾਜਿਕ ਰਿਸ਼ਤਿਆਂ ਅਤੇ ਸਿੱਖਣ ਦੇ ਮੌਕਿਆਂ ਨਾਲ ਸਮਝੌਤਾ ਕੀਤੇ ਬਿਨਾਂ ਇਹਨਾਂ ਵਾਤਾਵਰਣਾਂ ਵਿੱਚ ਖਤਰਿਆਂ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਘੱਟ ਕਰਨਾ<br>• ਬਾਲ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨਾ ਅਤੇ ਨਾਲ ਹੀ ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਨਾ<br>• ਜੇ ਸੰਸਥਾ ਤੀਜੀਆਂ ਧਿਰਾਂ ਨਾਲ ਸਹੂਲਤਾਂ ਅਤੇ ਸੇਵਾਵਾਂ ਦਾ ਠੇਕਾ ਕਰਦੀ ਹੈ, ਤਾਂ ਉਸ ਕੋਲ ਖਰੀਦ ਨੀਤੀਆਂ ਹਨ, ਜੋ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। | ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਦੁਰਵਿਵਹਾਰ ਦੇ ਖਤਰਿਆਂ ਦੀ ਪਛਾਣ ਕਰਨ ਅਤੇ ਘਟਾਉਣ ਬਾਰੇ ਸਲਾਹ ਪ੍ਰਦਾਨ ਕਰਦੀ ਹੈ।<br>ਕਮਿਸ਼ਨ ਦਾ ਲਿੰਕ COVID-19 ਮਹਾਂਮਾਰੀ ਦੌਰਾਨ ਬੱਚਿਆਂ ਅਤੇ ਨੌਜਵਾਨਾਂ ਨੂੰ ਔਨਲਾਈਨ ਸੁਰੱਖਿਅਤ ਰੱਖਣ ਲਈ ਲਾਭਦਾਇਕ ਸੁਝਾਅ ਅਤੇ ਲਿੰਕ ਪ੍ਰਦਾਨ ਕਰਦਾ ਹੈ।<br>ਈ-ਸੇਫਟੀ ਕਮਿਸ਼ਨਰ ਬੱਚਿਆਂ ਨੂੰ ਔਨਲਾਈਨ ਸੁਰੱਖਿਅਤ ਰੱਖਣ ਬਾਰੇ ਵਿਆਪਕ ਵਿਹਾਰਕ ਸਲਾਹ ਪ੍ਰਦਾਨ ਕਰਦਾ ਹੈ।<br>ਨੈਸ਼ਨਲ ਸਿਧਾਂਤ 8 ਉਪਰ ਆਸਟ੍ਰੇਲੀਅਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਔਨਲਾਈਨ ਸੁਰੱਖਿਆ ਲਈ ਜਾਂਚ-ਸੂਚੀ ਅਤੇ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 10 - ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਬਕਾਇਦਾ ਸਮੀਖਿਆ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਸੁਧਾਰ ਕੀਤਾ ਜਾਂਦਾ ਹੈ**<br>ਬਾਲ ਸੁਰੱਖਿਆ ਮਿਆਰ 10 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>10.1 ਸੰਸਥਾ ਬਕਾਇਦਾ ਤੌਰ ਤੇ ਬੱਚਿਆਂ ਦੀਆਂ ਸੁਰੱਖਿਆ ਪ੍ਰਥਾਵਾਂ ਦੀ ਸਮੀਖਿਆ, ਮੁਲਾਂਕਣ ਅਤੇ ਸੁਧਾਰ ਕਰਦੀ ਹੈ।<br>10.2 ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਘਟਨਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਜੋ ਨਿਰੰਤਰ ਸੁਧਾਰ ਨੂੰ ਸੂਚਿਤ ਕਰਨ ਦੇ ਕਾਰਨਾਂ ਅਤੇ ਪ੍ਰਣਾਲੀਗਤ ਅਸਫਲਤਾਵਾਂ ਦੀ ਪਛਾਣ ਕੀਤੀ ਜਾ ਸਕੇ।<br>10.3 ਸੰਸਥਾ ਕਰਮਚਾਰੀਆਂ ਅਤੇ ਸਵੈ-ਸੇਵਕਾਂ, ਭਾਈਚਾਰੇ ਅਤੇ ਪਰਿਵਾਰਾਂ ਅਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਬੰਧਿਤ ਸਮੀਖਿਆਵਾਂ ਦੇ ਨਤੀਜਿਆਂ ਬਾਰੇ ਰਿਪੋਰਟ ਕਰਦੀ ਹੈ। | ਸਮੀਖਿਆ ਅਤੇ ਨਿਰੰਤਰ ਸੁਧਾਰ ਪਹਿਲਾਂ ਹੀ ਮੌਜੂਦਾ ਬਾਲ ਸੁਰੱਖਿਆ ਮਿਆਰਾਂ ਦਾ ਹਿੱਸਾ ਹਨ।<br>ਨਵੇਂ ਬਾਲ ਸੁਰੱਖਿਆ ਮਿਆਰ 10 ਵਿੱਚ ਸੰਸਥਾਵਾਂ ਵਾਸਤੇ ਨਵੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ ਕਿ ਉਹਨਾਂ ਨੂੰ ਇਹ ਕਰਨਾ ਚਾਹੀਦਾ ਹੈ:<br>• ਨਿਰੰਤਰ ਸੁਧਾਰ ਨੂੰ ਸੂਚਿਤ ਕਰਨ ਲਈ ਕਾਰਨਾਂ ਅਤੇ ਪ੍ਰਣਾਲੀਗਤ ਅਸਫਲਤਾਵਾਂ ਦੀ ਪਛਾਣ ਕਰਨ ਲਈ ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਘਟਨਾਵਾਂ ਦਾ ਵਿਸ਼ਲੇਸ਼ਣ ਕਰਨਾ<br>• ਕਰਮਚਾਰੀਆਂ ਅਤੇ ਸਵੈ-ਸੇਵਕਾਂ, ਭਾਈਚਾਰੇ ਅਤੇ ਪਰਿਵਾਰਾਂ ਅਤੇ ਬੱਚਿਆਂ ਤੇ ਨੌਜਵਾਨਾਂ ਨੂੰ ਬਾਲ ਸੁਰੱਖਿਆ ਅਭਿਆਸਾਂ ਨਾਲ ਸਬੰਧਿਤ ਸਮੀਖਿਆਵਾਂ ਦੇ ਨਤੀਜਿਆਂ ਬਾਰੇ ਰਿਪੋਰਟ ਕਰਨਾ। | ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਸਵੈ-ਮੁਲਾਂਕਣ ਸੰਦ (Word ਫਾਈਲ ਵਜੋਂ ਉਪਲਬਧ) ਪ੍ਰਦਾਨ ਕਰਦੀ ਹੈ ਤਾਂ ਜੋ ਸੰਸਥਾਵਾਂ ਨੂੰ ਵਰਤਮਾਨ ਬਾਲ ਸੁਰੱਖਿਆ ਮਿਆਰਾਂ ਦੇ ਹਿਸਾਬ ਨਾਲ ਆਪਣੇ ਬਾਲ ਸੁਰੱਖਿਆ ਢਾਂਚੇ ਦੀ ਸਮੀਖਿਆ ਕਰਨ ਵਿੱਚ ਮਦਦ ਕੀਤੀ ਜਾ ਸਕੇ। ਨਵੇਂ ਬਾਲ ਸੁਰੱਖਿਆ ਮਿਆਰਾਂ ਦੇ ਵਿਰੁੱਧ ਸਮੀਖਿਆਵਾਂ ਦਾ ਸਮਰਥਨ ਕਰਨ ਲਈ ਇਕ ਨਵਾਂ ਸੰਦ ਪ੍ਰਕਾਸ਼ਿਤ ਕੀਤਾ ਗਿਆ। ਸੋਸ਼ਲ ਸਿਧਾਂਤ 9 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |

| ਨਵੇਂ ਬਾਲ ਸੁਰੱਖਿਆ ਮਿਆਰ (1 ਜੁਲਾਈ 2022 ਤੋਂ ਸ਼ੁਰੂ ਹੋ ਰਹੇ ਹਨ) | ਨਵਾਂ ਕੀ ਹੈ ਜਾਂ ਕੀ ਬਦਲ ਰਿਹਾ ਹੈ? | ਲਾਭਦਾਇਕ ਸਰੋਤ |
|---|---|---|
| **ਬਾਲ ਸੁਰੱਖਿਆ ਮਿਆਰ 11 - ਨੀਤੀਆਂ ਅਤੇ ਪ੍ਰਕਿਰਿਆਵਾਂ ਇਹ ਦਸਤਾਵੇਜ਼ਬੱਧ ਕਰਦੀਆਂ ਹਨ ਕਿ ਸੰਸਥਾ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਕਿਵੇਂ ਸੁਰੱਖਿਅਤ ਹੈ**<br>ਬਾਲ ਸੁਰੱਖਿਆ ਮਿਆਰ 11 ਦੀ ਪਾਲਣਾ ਕਰਦੇ ਹੋਏ, ਕਿਸੇ ਸੰਸਥਾ ਨੂੰ ਘੱਟੋ ਘੱਟ, ਇਹ ਯਕੀਨੀ ਬਨਾਉਣਾ ਚਾਹੀਦਾ ਹੈ:<br>11.1 ਨੀਤੀਆਂ ਅਤੇ ਪ੍ਰਕਿਰਿਆਵਾਂ ਸਾਰੇ ਬਾਲ ਸੁਰੱਖਿਆ ਮਿਆਰਾਂ ਦਾ ਪੂਰਾ ਹੱਲ ਕੱਢਦੀਆਂ ਹਨ।<br>11.2 ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਦਸਤਾਵੇਜ਼ਬੱਧ ਕੀਤਾ ਜਾਂਦਾ ਹੈ ਅਤੇ ਸਮਝਣਾ ਆਸਾਨ ਹੈ।<br>11.3 ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਵਿਕਾਸ ਵਿੱਚ ਸਭ ਤੋਂ ਵਧੀਆ ਅਭਿਆਸ ਮਿਸਾਲ ਕਾਇਮ ਕਰਦੇ ਹਨ ਅਤੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਇਸਨੂੰ ਸੂਚਿਤ ਕਰਦਾ ਹੈ।<br>11.4 ਆਗੂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਪੂਰੀ ਤਰੀਕੇ ਨਾਲ ਪਾਲਣਾ ਕਰਦੇ ਅਤੇ ਉਦਾਹਰਣ ਬਣਦੇ ਹਨ।<br>11.5 ਕਰਮਚਾਰੀ ਅਤੇ ਸਵੈ-ਸੇਵਕ, ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਦੇ ਅਤੇ ਲਾਗੂ ਕਰਦੇ ਹਨ। | ਬਾਲ ਸੁਰੱਖਿਆ ਅਭਿਆਸਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਵਿਆਪਕ ਨੀਤੀਆਂ ਅਤੇ ਪ੍ਰਕਿਰਿਆਵਾਂ ਤਿਆਰ ਕਰਨਾ ਪਹਿਲਾਂ ਹੀ ਮੌਜੂਦਾ ਬਾਲ ਸੁਰੱਖਿਆ ਮਿਆਰਾਂ ਦੁਆਰਾ ਲੋੜੀਂਦਾ ਹੈ।<br>ਨਵੇਂ ਬਾਲ ਸੁਰੱਖਿਆ ਮਿਆਰ 11 ਵਿੱਚ ਸੰਸਥਾਵਾਂ ਵਾਸਤੇ ਨਵੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ ਕਿ ਉਹਨਾਂ ਨੂੰ ਇਹ ਕਰਨਾ ਚਾਹੀਦਾ ਹੈ:<br>• ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸੌਖੀ ਤਰ੍ਹਾਂ ਸਮਝਣ ਵਾਲਾ ਬਣਾਓ<br>• ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਵਿਕਾਸ ਨੂੰ ਸੂਚਿਤ ਕਰਨ ਲਈ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਅਤੇ ਸਭ ਤੋਂ ਵਧੀਆ ਅਭਿਆਸ ਮਾਡਲਾਂ ਦੀ ਵਰਤੋਂ ਕਰੋ<br>• ਯਕੀਨੀ ਬਨਾਉਣਾ ਕਿ ਆਗੂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਪੂਰੀ ਤਰੀਕੇ ਨਾਲ ਪਾਲਣਾ ਕਰਦੇ ਅਤੇ ਉਦਾਹਰਣ ਬਣਦੇ ਹਨ। | ਬਾਲ ਸੁਰੱਖਿਅਤ ਸੰਸਥਾ ਬਨਾਉਣ ਲਈ ਕਮਿਸ਼ਨ ਦੀ ਗਾਈਡ ਵਿੱਚ ਮੌਜੂਦਾ ਮਿਆਰ 2 ਦੇ ਸੈਕਸ਼ਨ ਵਿੱਚ ਨਮੂਨੇ ਦੀਆਂ ਨੀਤੀਆਂ ਅਤੇ ਲਾਭਦਾਇਕ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ।<br>ਨੈਸ਼ਨਲ ਸਿਧਾਂਤ 10 ਉੱਤੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਦਾ ਈ-ਲਰਨਿੰਗ ਮਡਿਊਲ ਲਾਭਦਾਇਕ ਸਲਾਹ ਪ੍ਰਦਾਨ ਕਰਦਾ ਹੈ, ਅਤੇ ਇਸ ਤੱਕ ਬਾਲ ਸੁਰੱਖਿਅਤ ਸੰਸਥਾਵਾਂ ਦੇ ਈ-ਲਰਨਿੰਗ ਪੋਰਟਲ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। |